CITY OF VANCOUVER

ਇੰਜੀਨੀਅਰਿੰਗ ਸਰਵਿਸਿਜ਼
Lon LaClaire, M.Eng., P.Eng.
ਜਨਰਲ ਮੈਨੇਜਰ

**IMPORTANT INFORMATION**
Please have this translated

**معلومات مهمة:** البحث على الترجمة

**重要资讯:** 请找人为你翻译

**重要資訊:** 請找人為你翻譯

**اطلاعات مهم:** لطفا درخواست کنید که این اطلاعات را برای شما ترجمه کنند

**RENSEIGNEMENTS IMPORTANTS**
Prière de les faire traduire

**重要な情報:** これを翻訳してください

**중요정보:** 번역해주세요

**INFORMAÇÃO IMPORTANTE**
Favor solicitar tradução

**ਜ਼ਰੂਰੀ ਜਾਣਕਾਰੀ**
ਕਿਰਪਾ ਕਰਕੇ ਇਸਦਾ ਅਨੁਵਾਦ ਕਰਵਾਓ

**INFORMACIÓN IMPORTANTE**
Busque a alguien que le traduzca

**MAHALAGANG IMPORMASYON**
Mangyaring isalin ito

**TIN TỨC QUAN TRỌNG**
Xin hãy dịch sang tiếng Việt

17 ਅਕਤੂਬਰ, 2025

ਪਿਆਰੇ ਕਾਰੋਬਾਰੀ ਮਾਲਕ:

**ਵਿਸ਼ਾ: Kingsway-Main Street ਬੱਸ ਤਰਜੀਹ ਪ੍ਰੋਜੈਕਟ**

ਅਸੀਂ ਤੁਹਾਨੂੰ Kingsway ਅਤੇ Main St ਦੇ ਨਾਲ-ਨਾਲ ਸੜ੍ਹਕ ਕਿਨਾਰੇ ਪਾਰਕਿੰਗ ਅਤੇ ਬੱਸ ਲੇਨਾਂ ਵਿੱਚ ਯੋਜਨਾਬੱਧ ਤਬਦੀਲੀਆਂ ਬਾਰੇ ਸੂਚਿਤ ਕਰਨ, ਅਤੇ ਕਾਰੋਬਾਰੀ ਡਿਲੀਵਰੀਆਂ ਅਤੇ ਲੋਡਿੰਗ 'ਤੇ ਸੰਭਾਵੀ ਪ੍ਰਭਾਵਾਂ ਬਾਰੇ ਤੁਹਾਡੀ ਰਾਏ ਲੈਣ ਲਈ ਲਿਖ ਰਹੇ ਹਾਂ।

2026 ਦੇ ਸ਼ੁਰੂ ਵਿੱਚ, ਵੈਨਕੂਵਰ ਸਿਟੀ ਅਤੇ TransLink **ਬੱਸ ਲੇਨਾਂ ਦਾ ਵਿਸਤਾਰ ਕਰਨ, ਕੁਝ ਬੱਸ ਸਟਾਪਾਂ ਦੀ ਜਗ੍ਹਾ ਬਦਲਣ, ਅਤੇ ਮੁੱਖ ਚੌਰਾਹਿਆਂ ਵਿੱਚ ਸੁਧਾਰ ਕਰਨ** ਦੀ ਯੋਜਨਾ ਬਣਾ ਰਹੇ ਹਨ ਤਾਂ ਜੋ ਬੱਸਾਂ ਦੀ ਟ੍ਰੈਫ਼ਿਕ ਵਿੱਚ ਅਸਾਨੀ ਨਾਲ ਅੱਗੇ ਵਧਣ ਅਤੇ ਸਮੇਂ 'ਤੇ ਰਹਿਣ ਵਿੱਚ ਇਹ ਸੁਧਾਰ ਇਸ ਮਕਸਦ ਨਾਲ ਕੀਤੇ ਗਏ ਹਨ ਕਿ:

- ਰੂਟ 19, 3, 8, 25, ਅਤੇ 26 'ਤੇ ਜਨਤਕ ਆਵਾਜਾਈ ਦੀਆਂ ਹਜ਼ਾਰਾਂ ਸਵਾਰੀਆਂ ਲਈ ਯਾਤਰਾ ਦੇ ਸਮੇਂ ਨੂੰ ਘਟਾਉਣਾ
- Mount Pleasant, Kensington-Cedar Cottage, Joyce-Collingwood, ਅਤੇ ਸ਼ਹਿਰ ਭਰ ਦੀਆਂ ਮੰਜ਼ਿਲਾਂ ਤੱਕ ਜਨਤਕ ਆਵਾਜਾਈ ਦੀ ਪਹੁੰਚ ਨੂੰ ਬਿਹਤਰ ਬਣਾਉਣਾ
- ਮੁੱਖ ਚੌਰਾਹਿਆਂ 'ਤੇ ਟ੍ਰੈਫ਼ਿਕ ਅਤੇ ਪ੍ਰਵਾਹ ਵਿੱਚ ਸੁਧਾਰ ਕਰਨਾ
- ਜਿੱਥੇ ਵੀ ਸੰਭਵ ਹੋਵੇ, ਕਾਰੋਬਾਰਾਂ ਦੀ ਪਾਰਕਿੰਗ ਅਤੇ ਲੋਡਿੰਗ 'ਤੇ ਪੈਣ ਵਾਲੇ ਅਸਰਾਂ ਨੂੰ ਸੰਤੁਲਿਤ ਕਰਨਾ ਅਤੇ ਘਟਾਉਣਾ।

ਇਹ ਪ੍ਰੋਜੈਕਟ ਕੌਂਸਲ ਦੀ ਦਿਸ਼ਾ ਨੂੰ ਅੱਗੇ ਵਧਾਏਗਾ ਜੋ ਕਿ Kingsway ਅਤੇ ਹੋਰ ਅੱਠ ਬੱਸ ਗਲਿਆਰਿਆਂ 'ਤੇ ਜਨਤਕ ਆਵਾਜਾਈ ਨੂੰ ਤਰਜੀਹ ਦੇਣ ਅਤੇ ਪਾਰਕਿੰਗ ਜਾਂ ਆਮ ਟ੍ਰੈਫ਼ਿਕ ਤੋਂ ਜਗ੍ਹਾ ਦੀ ਮੁੜ ਵੰਡ ਕਰਨ ਦੀ ਗੱਲ ਕਰਦੀ ਹੈ ਕਾਉਂਸਿਲ ਨੇ 2026 ਤੱਕ ਜਨਤਕ ਆਵਾਜਾਈ ਦੇ ਵਰਤੋਂਕਾਰਾਂ ਲਈ ਯਾਤਰਾ ਦੇ ਸਮੇਂ ਅਤੇ ਭਰੋਸੇਯੋਗਤਾ ਵਿੱਚ ਘੱਟੋ-ਘੱਟ 10% ਸੁਧਾਰ ਕਰਨ ਦਾ ਟੀਚਾ ਰੱਖਿਆ ਹੈ।

## Kingsway ਅਤੇ Main St 'ਤੇ ਕੀ ਹੋ ਰਿਹਾ ਹੈ?

ਇਹ ਪ੍ਰੋਜੈਕਟ ਸਾਰੇ **Kingsway** (Main St ਤੋਂ ਬਾਊਂਡਰੀ ਰੋਡ) ਅਤੇ **Main St** ਦੇ ਹਿੱਸੇ (Union St ਅਤੇ E 7th Ave ਦੇ ਵਿਚਕਾਰ) 'ਤੇ ਕਰਬ ਲੇਨ ਅਤੇ ਪਾਰਕਿੰਗ ਦੇ ਵਿਨਿਯਮਾਂ ਵਿੱਚ ਤਬਦੀਲੀ ਕਰੇਗਾ (ਪੰਨਾ 5 'ਤੇ ਨਕਸ਼ਾ A ਦੇਖੋ)।

2026 ਦੇ ਸ਼ੁਰੂ ਵਿੱਚ ਸ਼ੁਰੂਆਤ ਕਰਦੇ ਹੋਏ, ਗਲਿਆਰੇ ਵਿੱਚ ਕੀਤੀਆਂ ਜਾਣ ਵਾਲੀਆਂ ਤਬਦੀਲੀਆਂ ਵਿੱਚ ਸ਼ਾਮਲ ਹਨ:

- **ਬੱਸ ਲੇਨਾਂ ਅਤੇ ਪਾਰਕਿੰਗ/ਲੋਡਿੰਗ** – ਦਿਨ ਦੇ ਕੁਝ ਸਮਿਆਂ ਦੌਰਾਨ ਕਰਬ ਲੇਨ (ਸੜ੍ਹਕ ਕਿਨਾਰੇ ਵਾਲੀ ਲੇਨ) ਨੂੰ ਬੱਸ ਲੇਨ ਵਜੋਂ ਨਿਯਤ ਕੀਤਾ ਜਾਵੇਗਾ। ਇਹਨਾਂ ਸਮਿਆਂ ਦੌਰਾਨ ਪਾਰਕਿੰਗ ਪ੍ਰਤਿਬੰਧਿਤ ਹੋਵੇਗੀ।.

| ਭਾਗ | ਇਹਨਾਂ ਸਮਿਆਂ ਦੌਰਾਨ ਬੱਸਾਂ ਲਈ ਰਾਖਵੀਂ ਸੜਕ ਦੇ ਕਿਨਾਰੇ ਦੀ ਲੇਨ | ਇਹਨਾਂ ਸਮਿਆਂ ਦੌਰਾਨ ਪਾਰਕਿੰਗ ਦੀ ਇਜਾਜ਼ਤ ਨਹੀਂ ਹੈ |
|---|---|---|
| **Main St (Union St – E 7th Ave)** | ਉੱਤਰ/ਦੱਖਣ ਵੱਲ ਜਾਣਾ: ਸਵੇਰੇ 7 ਤੋਂ ਸ਼ਾਮ 7 ਵਜੇ, ਹਰ ਰੋਜ਼ | ਦੋਵੇਂ ਪਾਸੇ: ਸਵੇਰੇ 7 ਤੋਂ ਸ਼ਾਮ 7 ਵਜੇ, ਹਰ ਰੋਜ਼ |
| **Kingsway (Main St–Dumfries St)** | ਉੱਤਰ-ਪੱਛਮ ਵੱਲ ਜਾਣਾ: ਸਵੇਰੇ 7 ਤੋਂ 10 ਵਜੇ, ਸੋਮਵਾਰ ਤੋਂ ਸ਼ੁੱਕਰਵਾਰ<br>ਦੱਖਣ-ਪੂਰਬ ਵੱਲ ਜਾਣਾ: ਦੁਪਹਿਰ ਬਾਅਦ 3 ਤੋਂ 7 ਵਜੇ, ਸੋਮਵਾਰ ਤੋਂ ਸ਼ੁੱਕਰਵਾਰ | ਉੱਤਰ ਪਾਸੇ: ਸਵੇਰੇ 7 ਤੋਂ 10 ਵਜੇ, ਸੋਮਵਾਰ ਤੋਂ ਸ਼ੁੱਕਰਵਾਰ<br>ਦੱਖਣ ਪਾਸੇ: ਦੁਪਹਿਰ ਬਾਅਦ 3 ਤੋਂ 7 ਵਜੇ, ਸੋਮਵਾਰ ਤੋਂ ਸ਼ੁੱਕਰਵਾਰ |
| **Kingsway (Dumfries St–Nanaimo)** | ਉੱਤਰ-ਪੱਛਮ/ਦੱਖਣ-ਪੂਰਬ ਵੱਲ ਜਾਣਾ: ਸਵੇਰੇ 7 ਤੋਂ 10 ਵਜੇ ਅਤੇ ਦੁਪਹਿਰ ਬਾਅਦ 3 ਤੋਂ 7 ਵਜੇ, ਸੋਮਵਾਰ ਤੋਂ ਸ਼ੁੱਕਰਵਾਰ | ਦੋਵੇਂ ਪਾਸੇ: ਸਵੇਰੇ 7 ਤੋਂ 10 ਵਜੇ ਅਤੇ ਦੁਪਹਿਰ ਬਾਅਦ 3 ਤੋਂ 7 ਵਜੇ, ਸੋਮਵਾਰ ਤੋਂ ਸ਼ੁੱਕਰਵਾਰ |
| **Kingsway (Nanaimo St–Boundary Rd)** | ਉੱਤਰ-ਪੱਛਮ ਵੱਲ ਜਾਣਾ: ਸਵੇਰੇ 7 ਤੋਂ 10 ਵਜੇ, ਸੋਮਵਾਰ ਤੋਂ ਸ਼ੁੱਕਰਵਾਰ<br>ਦੱਖਣ-ਪੂਰਬ ਵੱਲ ਜਾਣਾ: ਦੁਪਹਿਰ ਬਾਅਦ 3 ਤੋਂ 7 ਵਜੇ, ਸੋਮਵਾਰ ਤੋਂ ਸ਼ੁੱਕਰਵਾਰ | ਉੱਤਰ ਪਾਸੇ: ਸਵੇਰੇ 7 ਤੋਂ 10 ਵਜੇ, ਸੋਮਵਾਰ ਤੋਂ ਸ਼ੁੱਕਰਵਾਰ<br>ਦੱਖਣ ਪਾਸੇ: ਦੁਪਹਿਰ ਬਾਅਦ 3 ਤੋਂ 7 ਵਜੇ, ਸੋਮਵਾਰ ਤੋਂ ਸ਼ੁੱਕਰਵਾਰ |

**ਧਿਆਨ ਦਿਓ:** ਹੋਰ ਵੇਰਵਿਆਂ ਲਈ vancouver.ca/kingsway-transit 'ਤੇ ਸੈਕਸ਼ਨ ਨਕਸ਼ੇ ਦੇਖੋ

- **ਚੌਰਾਹਿਆਂ ਦਾ ਸੁਧਾਰ**
  - ਵਿਅਸਤ ਚੌਰਾਹਿਆਂ ਦੇ ਕੋਲ ਪਹੁੰਚਣ ਤੋਂ ਪਹਿਲਾਂ ਨੋ-ਸਟਾਪਿੰਗ ਜ਼ੋਨਾਂ ਦੀਆਂ ਲੰਬਾਈਆਂ ਨੂੰ ਵਧਾਇਆ ਜਾਣਾ
  - ਮੁੱਖ ਚੌਰਾਹਿਆਂ 'ਤੇ ਨਵੇਂ ਸੱਜੇ-ਮੋੜ ਦੇ ਸਿਗਨਲ ਅਤੇ 'ਸਿਰਫ਼ ਸੱਜੇ ਮੋੜ' ਦੇ ਸੰਕੇਤ
- **ਰੂਟ 19 'ਤੇ ਬੱਸ ਸਟਾਪ ਵਿੱਚ ਤਬਦੀਲੀਆਂ**
  - TransLink ਰੂਟ 19 ਉੱਪਰ 17 ਬੱਸ ਸਟਾਪ ਦੇ ਸਥਾਨਾਂ ਵਿੱਚ ਤਬਦੀਲੀਆਂ ਕਰਨ ਅਤੇ ਪਹੁੰਚਯੋਗਤਾ ਨੂੰ ਬਣਾਏ ਰੱਖਣ ਲਈ ਕ੍ਰਾਸਵਾਕਾਂ ਦੇ ਨੇੜੇ 5 ਨਵੇਂ ਸਟਾਪ ਜੋੜਨ ਦਾ ਪ੍ਰਸਤਾਵ ਦੇ ਰਿਹਾ ਹੈ।

## <u>ਤੁਹਾਡੇ ਕਾਰੋਬਾਰ ਜਾਂ ਰਿਹਾਇਸ਼ ਦੇ ਆਲੇ-ਦੁਆਲੇ ਕੀ ਬਦਲ ਰਿਹਾ ਹੈ</u>

ਅਸੀਂ **Main St ਅਤੇ Dumfries St ਦੇ ਵਿਚਕਾਰ Kingsway** 'ਤੇ ਹੇਠਾਂ ਦਿੱਤੀਆਂ ਤਬਦੀਲੀਆਂ ਕਰਨ ਦੀ ਯੋਜਨਾ ਬਣਾ ਰਹੇ ਹਾਂ (ਪੰਨਾ 5 ਅਤੇ 6 'ਤੇ ਨਕਸ਼ਾ B ਅਤੇ C ਦੇਖੋ):

- **ਬੱਸਾਂ ਲਈ ਰਾਖਵੀਂ ਸੜਕ ਦੇ ਕਿਨਾਰੇ ਦੀ ਲੇਨ:**
  - ਸਵੇਰੇ 7 ਤੋਂ 10, ਸੋਮਵਾਰ ਤੋਂ ਸ਼ੁੱਕਰਵਾਰ ਉੱਤਰ-ਪੱਛਮ ਵੱਲ ਜਾਣਾ
  - ਦੁਪਹਿਰ ਬਾਅਦ 3 ਤੋਂ 7 ਵਜੇ, ਸੋਮਵਾਰ ਤੋਂ ਸ਼ੁੱਕਰਵਾਰ ਦੱਖਣ-ਪੂਰਬ ਵੱਲ ਜਾਣਾ
  - Main St ਅਤੇ Fraser St ਦੇ ਵਿਚਕਾਰ ਮੌਜੂਦਾ ਬੱਸ ਲੇਨਾਂ ਦਾ ਵਿਸਤਾਰ
  - Fraser St ਦੇ ਪੂਰਬ ਵੱਲ ਨਵੀਂ ਬੱਸ ਲੇਨ।
    ਦੂਜੇ ਵਾਹਨ ਸੱਜੇ ਪਾਸੇ ਮੁੜਨ ਲਈ ਬੱਸ ਲੇਨ ਦੀ ਵਰਤੋਂ ਕਰ ਸਕਦੇ ਹਨ, ਪਰ ਬੱਸ ਲੇਨ ਦੀ ਵਰਤੋਂ ਕਰਦੇ ਹੋਏ ਚੌਰਾਹਿਆਂ ਵਿੱਚੋਂ ਨਹੀਂ ਲੰਘ ਸਕਦੇ

- **ਪਾਰਕਿੰਗ ਪਾਬੰਦੀਆਂ ਵਿੱਚ ਵਾਧਾ:**
  - Kingsway ਦੇ ਉੱਤਰੀ ਪਾਸੇ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 7-9:30 ਵਜੇ ਤੋਂ ਵਧਾ ਕੇ 7-10 ਵਜੇ ਤੱਕ
  - Kingsway ਦੇ ਦੱਖਣ ਵਾਲੇ ਪਾਸੇ ਸੋਮਵਾਰ ਤੋਂ ਸ਼ੁੱਕਰਵਾਰ ਨੂੰ ਸ਼ਾਮ 3-6 ਵਜੇ ਤੋਂ ਵਧਾ ਕੇ 3-7 ਵਜੇ ਤੱਕ
  - Main St, Broadway (ਪੂਰਬੀ ਪਾਸੇ), E 12th Ave (ਪੂਰਬੀ ਪਾਸੇ), Fraser St, Clark Dr (ਦੱਖਣੀ ਪਾਸੇ), Knight St, ਅਤੇ Dumfries St (ਦੱਖਣੀ ਪਾਸੇ) ਦੇ ਚੌਰਾਹਿਆਂ ਦੇ ਕੋਲ ਪਹੁੰਚਣ ਤੋਂ ਪਹਿਲਾਂ ਵਧੇਰੇ ਲੰਬੇ ਨੋ-ਸਟਾਪਿੰਗ ਜ਼ੋਨ

- **ਖੱਬੇ ਮੁੜਨ ਦੀਆਂ ਪਾਬੰਦੀਆਂ ਜੋੜੀਆਂ ਗਈਆਂ:**
  - Kingsway ਅਤੇ E 11th Ave 'ਤੇ ਦੱਖਣ ਵੱਲ: ਦੁਪਹਿਰ ਬਾਅਦ 3 ਤੋਂ 7 ਵਜੇ, ਸੋਮਵਾਰ ਤੋਂ ਸ਼ੁੱਕਰਵਾਰ
  - Kingsway ਅਤੇ E 11th Ave 'ਤੇ ਉੱਤਰ ਵੱਲ: ਸਵੇਰੇ 7 ਤੋਂ 10 ਵਜੇ ਅਤੇ ਦੁਪਹਿਰ ਬਾਅਦ 3 ਤੋਂ 7 ਵਜੇ, ਸੋਮਵਾਰ ਤੋਂ ਸ਼ੁੱਕਰਵਾਰ (ਸੋਮ-ਸ਼ੁੱਕਰ ਸ਼ਾਮ 3 ਤੋਂ 6 ਵਜੇ ਤੋਂ ਵਧਾ ਕੇ)

## <u>ਆਪਣੀ ਰਾਏ ਦਿਓ – ਸਾਨੂੰ ਆਪਣੀਆਂ ਕਾਰੋਬਾਰ ਸੰਬੰਧੀ ਲੋਡਿੰਗ ਅਤੇ ਪਾਰਕਿੰਗ ਲੋੜਾਂ ਬਾਰੇ ਦੱਸੋ</u>

ਅਸੀਂ ਸਮਝਦੇ ਹਾਂ ਕਿ ਸੜ੍ਹਕ ਕਿਨਾਰੇ ਜਗ੍ਹਾ ਵਿੱਚ ਤਬਦੀਲੀਆਂ ਪਿਕ-ਅੱਪ ਅਤੇ ਡਿਲੀਵਰੀਆਂ, ਗਾਹਕਾਂ ਤੱਕ ਪਹੁੰਚ, ਅਤੇ ਪਾਰਕਿੰਗ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਪ੍ਰਸਤਾਵਿਤ ਤਬਦੀਲੀਆਂ ਦਾ ਮਕਸਦ ਪਾਰਕਿੰਗ ਅਤੇ ਲੋਡਿੰਗ ਪ੍ਰਭਾਵਾਂ ਨੂੰ ਘਟਾਉਣਾ ਅਤੇ ਉਨ੍ਹਾਂ ਸਮਿਆਂ ਨੂੰ ਨਿਸ਼ਾਨਾ ਬਣਾਉਣਾ ਹੈ ਜਦੋਂ ਬੱਸਾਂ ਵਿੱਚ ਦੇਰੀ ਹੁੰਦੀ ਹੈ । ਅਸੀਂ ਸਥਾਨਕ ਕਾਰੋਬਾਰਾਂ ਤੋਂ ਪ੍ਰਭਾਵਾਂ ਅਤੇ ਸੰਭਾਵੀ ਹੱਲਾਂ ਬਾਰੇ ਵੀ ਸੁਣਨਾ ਚਾਹੁੰਦੇ ਹਾਂ।

**ਅਸੀਂ ਇਹ ਸਮਝਣ ਦੀ ਉਮੀਦ ਕਰ ਰਹੇ ਹਾਂ ਕਿ ਇਹ ਪ੍ਰੋਜੈਕਟ ਕਾਰੋਬਾਰੀ ਲੋਡਿੰਗ (ਡਿਲਿਵਰੀ, ਪਿਕ-ਅੱਪ ਅਤੇ ਡ੍ਰਾਪ-ਆਫ) ਨੂੰ ਕਿਵੇਂ ਪ੍ਰਭਾਵਿਤ ਕਰ ਸਕਦਾ ਹੈ** ਅਤੇ ਜਿੱਥੇ ਸੰਭਵ ਹੋਵੇਗਾ, ਲੋਡਿੰਗ ਜ਼ੋਨਾਂ, ਸਾਈਡ-ਸਟ੍ਰੀਟ ਪਾਰਕਿੰਗ ਜਾਂ ਪਿਛਲੀ ਲੇਨ ਸੰਚਾਲਨਾਂ ਵਿੱਚ ਤਬਦੀਲੀਆਂ 'ਤੇ ਵਿਚਾਰ ਕਰਾਂਗੇ। ਇਹ ਯਕੀਨੀ ਬਣਾਉਣ ਲਈ ਕਿ ਤੁਹਾਡੀਆਂ ਲੋੜਾਂ 'ਤੇ ਵਿਚਾਰ ਕੀਤਾ ਜਾਵੇ, ਅਸੀਂ ਤੁਹਾਡੇ ਤੋਂ ਸੁਣਨਾ ਚਾਹੁੰਦੇ ਹਾਂ:

- **ਆਪਣੀਆਂ ਲੋਡਿੰਗ, ਸੰਚਾਲਨ ਅਤੇ ਕਾਰੋਬਾਰੀ ਲੋੜਾਂ ਨੂੰ ਸਾਂਝਾ ਕਰਨ ਲਈ ਸਾਡਾ ਔਨਲਾਈਨ ਕਾਰੋਬਾਰੀ ਸਰਵੇਖਣ ਪੂਰਾ ਕਰੋ, ਜੋ 20 ਅਕਤੂਬਰ ਤੋਂ 9 ਨਵੰਬਰ ਦੇ ਵਿਚਕਾਰ ਉਪਲਬਧ ਹੈ:**
  **https://survey.vancouver.ca/s3/Kingsway-Bus-Priority-Business-Survey**

- **20 ਅਕਤੂਬਰ ਤੋਂ 9 ਨਵੰਬਰ ਤੱਕ** translink.ca/route19 'ਤੇ ਉਪਲਬਧ TransLink ਦੇ ਔਨਲਾਈਨ ਸਰਵੇਖਣ ਵਿੱਚ ਬੱਸ ਸਟਾਪ ਸੰਬੰਧੀ ਤਬਦੀਲੀਆਂ ਬਾਰੇ ਫੀਡਬੈਕ ਸਾਂਝੀ ਕਰੋ

## ਹੋਰ ਜਾਣਕਾਰੀ

ਸਮੁੱਚੇ Kingsway ਅਤੇ Main Street ਬੱਸ ਤਰਜੀਹ ਪ੍ਰੋਜੈਕਟ ਬਾਰੇ ਸਵਾਲਾਂ ਜਾਂ ਹੋਰ ਜਾਣਕਾਰੀ ਲਈ:

- vancouver.ca/kingsway-transit 'ਤੇ ਜਾਓ
- kingswaybuspriority@vancouver.ca'ਤੇ ਈਮੇਲ ਕਰੋ
- ਸਿਟੀ ਦੀ Van311 ਐਪ ਦੀ ਵਰਤੋਂ ਕਰੋ ਜੋ ਦਿਨ ਦੇ 24 ਘੰਟੇ, ਹਫ਼ਤੇ ਦੇ 7 ਦਿਨ ਉਪਲਬਧ ਹੈ।
- 3-1-1 'ਤੇ ਕਾਲ ਕਰੋ
- 9 ਨਵੰਬਰ 2025 ਤੱਕ **vancouver.ca/kingsway-transit** 'ਤੇ ਔਨਲਾਈਨ ਸਰਵੇਖਣ ਭਰੋ ਜਾਂ ਹੇਠਾਂ ਦਿੱਤੇ QR ਕੋਡ ਨੂੰ ਸਕੈਨ ਕਰੋ:

#19 ਬੱਸ ਸਟਾਪ ਵਿੱਚ ਤਬਦੀਲੀਆਂ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ TransLink ਨਾਲ ਸੰਪਰਕ ਕਰੋ:


- ਪ੍ਰੋਜੈਕਟ ਦੇ ਵੇਰਵਿਆਂ ਲਈ translink.ca/route19 'ਤੇ ਜਾਓ ਅਤੇ 9 ਨਵੰਬਰ 2025 ਤੱਕ ਔਨਲਾਈਨ ਸਰਵੇਖਣ ਭਰੋ
- ਬੱਸ ਸਟਾਪਾਂ ਅਤੇ ਸਮਾਂ-ਸਾਰਣੀ ਬਾਰੇ ਤਾਜ਼ਾ ਜਾਣਕਾਰੀ ਲਈ translink.ca/schedules 'ਤੇ ਜਾਓ
- ਗਾਹਕ ਸੇਵਾ ਨੂੰ ਹਫ਼ਤੇ ਦੇ 7 ਦਿਨ ਸਵੇਰੇ 6:30 ਤੋਂ ਰਾਤ 10:00 ਵਜੇ ਤਕ 604-953-3333 'ਤੇ ਕਾਲ ਕਰ ਸਕਦੇ ਹੋ

ਤਹਿ-ਦਿਲੋਂ,

**ਵੈਨਕੂਵਰ ਸਿਟੀ ਬੱਸ ਤਰਜੀਹ ਟੀਮ**


507 W Broadway, Vancouver, British Columbia V5Z 0B4 Canada

## Kingsway and Main Street ਬੱਸ ਤਰਜੀਹ ਪ੍ਰੋਜੈਕਟ





ਨਕਸ਼ਾ A: Main Street ਅਤੇ Kingsway 'ਤੇ ਬੱਸ ਲੇਨਾਂ

### ਭਾਗ 2a: Kingsway (Main St ਤੋਂ Fraser St)




ਨਕਸ਼ਾ B: Kingsway (Main St ਤੋਂ Fraser St) 'ਤੇ ਬੱਸ ਲੇਨਾਂ




ਨਕਸ਼ਾ C: Kingsway (Fraser St ਤੋਂ Dumfries St) 'ਤੇ ਬੱਸ ਲੇਨਾਂ